

ਇਮਪਲੌਈਮੈਂਟ ਸਟੈਂਡਰਡਜ਼ ਐਕਟ

# ਤੱਥ ਸ਼ੀਟ

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਇਮਪਲੌਈਮੈਂਟ ਸਟੈਂਡਰਡਜ਼ ਐਕਟ ਅਤੇ ਰੈਗੂਲੇਸ਼ਨ ਦੇਖੋ।

ਜੁਲਾਈ 2002

# ਸਲਾਨਾ ਛੁੱਟੀਆਂ

## Annual Vacation

### ਹੱਕਦਾਰੀ

ਫੁੱਲ-ਟਾਈਮ ਅਤੇ ਪਾਰਟ-ਟਾਈਮ ਕੰਮ ਕਰਨ ਵਾਲੇ ਮੁਲਾਜ਼ਮ ਸਲਾਨਾ ਛੁੱਟੀਆਂ (ਐਨੂਅਲ ਵਕੇਸ਼ਨਜ਼) ਅਤੇ ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ) ਦੇ ਹੱਕਦਾਰ ਹਨ। ਜੇ ਕੋਈ ਮਾਲਕ (ਇਮਪਲੌਏਅਰ) ਕਿਸੇ ਮੁਲਾਜ਼ਮ ਨੂੰ ਐਕਟ ਦੀਆਂ ਮੰਗਾਂ ਨਾਲੋਂ ਜ਼ਿਆਦਾ ਛੁੱਟੀਆਂ ਜਾਂ ਛੁੱਟੀਆਂ ਦੀ ਜ਼ਿਆਦਾ ਤਨਖਾਹ ਦੇਣ ਲਈ ਸਹਿਮਤ ਹੁੰਦਾ ਹੈ ਤਾਂ ਬਰਾਂਚ ਇਸ ਐਗਰੀਮੈਂਟ ਨੂੰ ਲਾਗੂ ਕਰ ਸਕਦੀ ਹੈ।

### ਸਲਾਨਾ ਛੁੱਟੀ ਲਈ ਹੱਕਦਾਰੀ

ਕੋਈ ਵੀ ਮੁਲਾਜ਼ਮ 12 ਮਹੀਨੇ ਲਗਾਤਾਰ ਕੰਮ ਕਰਨ ਤੋਂ ਬਾਅਦ ਦੋ ਹਫਤੇ ਦੀਆਂ ਸਲਾਨਾ ਛੁੱਟੀਆਂ ਦਾ ਹੱਕਦਾਰ ਹੈ।

ਪੰਜ ਸਾਲ ਲਗਾਤਾਰ ਕੰਮ ਕਰਨ ਤੋਂ ਬਾਅਦ ਕੋਈ ਮੁਲਾਜ਼ਮ ਤਿੰਨ ਹਫਤੇ ਦੀਆਂ ਸਲਾਨਾ ਛੁੱਟੀਆਂ ਦਾ ਹੱਕਦਾਰ ਬਣ ਜਾਂਦਾ ਹੈ।

ਜੇ ਕੋਈ ਕੰਮ ਇਕ ਸਾਲ ਤੋਂ ਘੱਟ ਸਮਾਂ ਰਹਿੰਦਾ ਹੈ ਤਾਂ ਮੁਲਾਜ਼ਮ ਸਲਾਨਾ ਛੁੱਟੀ ਲੈਣ ਦਾ ਹੱਕਦਾਰ ਨਹੀਂ ਹੈ, ਪਰ ਉਹ ਛੁੱਟੀਆਂ ਦੀ ਤਨਖਾਹ ਲੈਣ ਦੇ ਯੋਗ ਹੈ, ਬਸ਼ਰਤੇ ਕਿ ਉਸ ਨੇ ਘੱਟੋ ਘੱਟ ਪੰਜ ਦਿਨ ਕੰਮ ਜ਼ਰੂਰ ਕੀਤਾ ਹੋਵੇ।

ਕਿਸੇ ਵੀ ਕਾਰੋਬਾਰ ਦੀ ਵਿਕਰੀ, ਲੀਜ਼ ਜਾਂ ਬਦਲੀ, ਲਗਾਤਾਰ ਰੁਜ਼ਗਾਰ ਵਿਚ ਵਿਘਨ ਨਹੀਂ ਪਾਉਂਦੀ। ਐਕਟ ਅਧੀਨ ਜੇ ਕੋਈ ਮੁਲਾਜ਼ਮ ਮਨਜ਼ੂਰੀ ਲੈ ਕੇ ਛੁੱਟੀ ਤੇ ਹੈ ਤਾਂ ਉਹ ਸਮਾਂ ਲਗਾਤਾਰ ਰੁਜ਼ਗਾਰ ਵਿਚ ਵਿਘਨ ਨਹੀਂ ਪਾਉਂਦਾ।

ਸਲਾਨਾ ਛੁੱਟੀਆਂ ਉਦੋਂ ਇਕ ਸਾਲ ਦੇ ਵਿਚ ਵਿਚ ਦਿੱਤੀਆਂ ਜਾਣੀਆਂ ਜ਼ਰੂਰੀ ਹਨ ਜਦੋਂ ਮੁਲਾਜ਼ਮ ਛੁੱਟੀਆਂ ਦਾ ਹੱਕਦਾਰ ਬਣ ਜਾਂਦਾ ਹੈ।

### ਛੁੱਟੀਆਂ ਦੀ ਤਨਖਾਹ

ਪੰਜ ਦਿਨ ਤੋਂ ਘੱਟ ਸਮੇਂ ਲਈ ਰੁਜ਼ਗਾਰ ਤੇ ਲੱਗਾ ਵਿਅਕਤੀ ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ) ਦਾ ਹੱਕਦਾਰ ਨਹੀਂ ਹੈ।

ਰੁਜ਼ਗਾਰ ਦੇ ਪਹਿਲੇ ਚਾਰ ਸਾਲਾਂ ਵਿਚ ਜਦੋਂ ਕੋਈ ਮੁਲਾਜ਼ਮ ਸਲਾਨਾ ਛੁੱਟੀਆਂ ਲੈਣ ਦਾ ਹੱਕਦਾਰ ਹੁੰਦਾ ਹੈ ਤਾਂ ਮਾਲਕ ਲਈ ਪਹਿਲੇ ਸਾਲ ਵਿਚ ਮੁਲਾਜ਼ਮ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਤਨਖਾਹਾਂ ਦੀ ਘੱਟੋ ਘੱਟ ਚਾਰ ਫੀਸਦੀ ਛੁੱਟੀਆਂ ਦੀ ਤਨਖਾਹ ਦੇਣੀ ਜ਼ਰੂਰੀ ਹੈ।

ਪੰਜਵੇਂ ਅਤੇ ਬਾਅਦ ਦੇ ਸਾਲਾਂ ਵਿਚ, ਮਾਲਕ ਲਈ ਆਪਣੇ ਮੁਲਾਜ਼ਮ ਨੂੰ ਸਾਰੀਆਂ ਤਨਖਾਹਾਂ ਦੀ ਘੱਟੋ ਘੱਟ ਛੇ ਫੀਸਦੀ ਛੁੱਟੀਆਂ ਦੀ ਤਨਖਾਹ ਦੇਣੀ ਜ਼ਰੂਰੀ ਹੈ।

ਕਿਸੇ ਵੀ ਮੁਲਾਜ਼ਮ ਨੂੰ ਕਿਸੇ ਸਾਲ ਵਿਚ ਮਿਲੀ ਛੁੱਟੀਆਂ ਦੀ ਤਨਖਾਹ, ਕੁੱਲ ਮਿਲੀਆਂ ਤਨਖਾਹਾਂ ਦੇ ਹਿੱਸੇ ਵਜੋਂ ਗਿਣੀ ਜਾਂਦੀ ਹੈ।

### ਛੁੱਟੀਆਂ ਦੀ ਤਨਖਾਹ ਦੇਣਾ

ਛੁੱਟੀਆਂ ਦੀ ਤਨਖਾਹ, ਸਲਾਨਾ ਛੁੱਟੀਆਂ ਸ਼ੁਰੂ ਹੋਣ ਤੋਂ ਘੱਟੋ ਘੱਟ ਸੱਤ ਦਿਨ ਪਹਿਲਾਂ ਦੇਣ ਯੋਗ ਹੈ, ਅਤੇ ਜੇ ਮਾਲਕ ਅਤੇ ਮੁਲਾਜ਼ਮ ਨੇ ਲਿਖਤੀ ਸਹਿਮਤੀ ਕੀਤੀ ਹੋਈ ਹੈ ਤਾਂ ਆਮ ਤਨਖਾਹ ਵਾਲੇ ਦਿਨ ਦੇਣ ਯੋਗ ਹੈ।

ਕੋਈ ਮਾਲਕ, ਕਿਸੇ ਮੁਲਾਜ਼ਮ ਦੀਆਂ ਸਲਾਨਾ ਛੁੱਟੀਆਂ ਜਾਂ ਛੁੱਟੀਆਂ ਦੀ ਤਨਖਾਹ ਇਸ ਕਰਕੇ ਨਹੀਂ ਘਟਾ ਸਕਦਾ ਕਿਉਂਕਿ ਉਸ ਮੁਲਾਜ਼ਮ ਨੂੰ ਬੋਨਸ ਜਾਂ ਬੀਮਾਰੀ ਦੀ ਤਨਖਾਹ ਦਿੱਤੀ ਗਈ ਸੀ, ਜਾਂ ਉਸ ਨੂੰ ਪਹਿਲਾਂ ਘੱਟੋ ਘੱਟ ਨਾਲੋਂ ਜ਼ਿਆਦਾ ਸਮਾਂ ਛੁੱਟੀਆਂ ਦਿੱਤੀਆਂ ਗਈਆਂ ਸਨ। ਪਰ, ਸਲਾਨਾ ਛੁੱਟੀਆਂ ਜਾਂ ਛੁੱਟੀਆਂ ਦੀ ਤਨਖਾਹ ਘਟਾਈ ਜਾ ਸਕਦੀ ਹੈ ਜੇ ਕਿਸੇ ਮੁਲਾਜ਼ਮ ਨੇ ਸਲਾਨਾ ਛੁੱਟੀਆਂ ਅਗਾਊਂ ਮੰਗੀਆਂ ਸਨ ਅਤੇ ਇਹ ਉਸ ਨੂੰ ਦੇ ਦਿੱਤੀਆਂ ਗਈਆਂ ਸਨ।

ਜੇ ਮਾਲਕ ਕਿਸੇ ਮੁਲਾਜ਼ਮ ਨੂੰ ਕੰਮ ਤੋਂ ਹਟਾਉਂਦਾ ਹੈ ਤਾਂ ਉਸ ਨੂੰ ਮੁਲਾਜ਼ਮ ਦੀਆਂ ਸਾਰੀਆਂ ਤਨਖਾਹਾਂ, ਜਿਸ ਵਿਚ ਛੁੱਟੀਆਂ ਦੀ ਤਨਖਾਹ ਵੀ ਸ਼ਾਮਲ ਹੈ, ਦੋ ਦਿਨਾਂ ਦੇ ਵਿਚ ਵਿਚ ਦੇਣੀਆਂ ਪੈਣਗੀਆਂ। ਜੇ ਮੁਲਾਜ਼ਮ ਆਪ ਕੰਮ ਤੋਂ ਹਟਦਾ ਹੈ ਤਾਂ ਤਨਖਾਹਾਂ ਅਤੇ ਛੁੱਟੀਆਂ ਦੀ ਤਨਖਾਹ ਛੇ ਦਿਨਾਂ ਦੇ ਵਿਚ ਵਿਚ ਦਿੱਤੀਆਂ ਜਾਣੀਆਂ ਜ਼ਰੂਰੀ ਹਨ।

### ਛੁੱਟੀਆਂ ਦਾ ਸਮਾਂ ਨਿਸ਼ਚਤ ਕਰਨਾ

ਜੇ ਮੁਲਾਜ਼ਮ ਥੋੜ੍ਹੇ ਸਮੇਂ ਵਿਚ ਛੁੱਟੀਆਂ ਦੀ ਮੰਗ ਨਹੀਂ ਕਰਦਾ ਤਾਂ ਮਾਲਕ ਨੂੰ ਕਿਸੇ ਮੁਲਾਜ਼ਮ ਦੀਆਂ ਸਲਾਨਾ ਛੁੱਟੀਆਂ ਇਕ ਜਾਂ ਦੋ ਹਫਤਿਆਂ ਵਿਚ ਦੇਣੀਆਂ ਪੈਣਗੀਆਂ।

ਮਾਲਕ ਨੂੰ ਇਹ ਪੱਕਾ ਕਰਨਾ ਪਵੇਗਾ ਕਿ ਮੁਲਾਜ਼ਮ ਛੁੱਟੀਆਂ ਦਾ ਹੱਕਦਾਰ ਬਣਨ ਤੋਂ ਬਾਅਦ 12 ਮਹੀਨਿਆਂ ਦੇ ਵਿਚ ਵਿਚ ਸਾਰੀਆਂ ਛੁੱਟੀਆਂ ਲੈ ਲਵੇ। ਇਨ੍ਹਾਂ 12 ਮਹੀਨਿਆਂ ਵਿਚ, ਮਾਲਕ ਨੂੰ ਇਹ ਪੁੱਛਣ ਦਾ ਹੱਕ ਹੈ ਕਿ ਛੁੱਟੀਆਂ ਕਦੋਂ ਲਈਆਂ ਜਾਣਗੀਆਂ।

ਜੇ ਛੁੱਟੀਆਂ ਦੌਰਾਨ ਕੋਈ ਸਰਕਾਰੀ ਛੁੱਟੀ ਆਉਂਦੀ ਹੈ ਤਾਂ ਉਹ ਛੁੱਟੀ, ਛੁੱਟੀਆਂ ਦੇ ਹਿੱਸੇ ਵਜੋਂ ਨਹੀਂ ਗਿਣੀ ਜਾਂਦੀ। ਮਾਲਕ ਨੂੰ ਉਸ ਛੁੱਟੀ ਦੀ ਤਨਖਾਹ ਸਮੇਤ ਮੁਲਾਜ਼ਮ ਨੂੰ ਕੰਮ ਤੋਂ ਇਕ ਹੋਰ ਦਿਨ ਦੀ ਛੁੱਟੀ ਦੇਣੀ ਪਵੇਗੀ।

ਐਕਟ, ਕਿਸੇ ਮੁਲਾਜ਼ਮ ਨੂੰ ਸਲਾਨਾ ਛੁੱਟੀਆਂ ਦੌਰਾਨ ਕੰਮ ਕਰਨ ਅਤੇ ਇਸ ਸਮੇਂ ਲਈ ਤਨਖਾਹ ਲੈਣ ਅਤੇ ਨਾਲ ਨਾਲ ਛੁੱਟੀਆਂ ਦੀ ਤਨਖਾਹ ਲੈਣ ਦੀ ਆਗਿਆ ਨਹੀਂ ਦਿੰਦਾ।


BRITISH COLUMBIA

**Ministry of Skills Development and Labour**

Employment Standards Branch

**FOR MORE INFORMATION**:
**Call**: 1-800-663-3316, 612-4100 in Prince George
**Fax**: (250) 612-4121
**Website:** www.labour.gov.bc.ca/esb


[Punjabi]